**ਵੈਨਕੂਵਰ ਸ਼ਹਿਰ**
**ਨਿਊਜ਼ ਰਿਲੀਜ਼**
**30 ਮਈ, 2023**

## ਸ਼ਹਿਰ ਕੈਨੇਡਾ ਪਲੇਸ ਨੂੰ ਕਾਮਾਗਾਟਾ ਮਾਰੂ ਪਲੇਸ ਦਾ ਦੂਜਾ ਸਟਰੀਟ ਨਾਂ ਦੇ ਰਿਹਾ ਹੈ

ਅੱਜ, ਵੈਨਕੂਵਰ ਸਿਟੀ ਕੌਂਸਲ ਨੇ ਇਹ ਐਲਾਨ ਕੀਤਾ ਹੈ ਕਿ "ਕੈਨੇਡਾ ਪਲੇਸ" ਨੂੰ "ਕਾਮਾਗਾਟੂ ਮਾਰੂ ਪਲੇਸ" ਨਾਂ ਦਾ ਦੂਜਾ, ਸਨਮਾਨਸੂਚਕ ਸਟਰੀਟ ਨਾਂ ਦਿੱਤਾ ਜਾਵੇਗਾ। ਇਹ ਫੈਸਲਾ ਦੱਖਣੀ ਏਸ਼ੀਅਨ ਭਾਈਚਾਰਿਆਂ ਵਿਰੁੱਧ ਇਤਿਹਾਸਕ ਵਿਤਕਰੇ ਨੂੰ ਸੁਧਾਰਨ ਲਈ ਸ਼ਹਿਰ ਦੇ ਜਾਰੀ ਰਹਿਣ ਵਾਲੇ ਯਤਨਾਂ ਦਾ ਹਿੱਸਾ ਹੈ ਅਤੇ ਇਹ ਫੈਸਲਾ ਭਾਈਚਾਰੇ ਦੀ ਰਾਇ ਅਤੇ ਮਦਦ ਨਾਲ ਕੀਤਾ ਗਿਆ ਹੈ।

ਸਨਮਾਨਸੂਚਕ (ਆਨਰੇਰੀ) ਨਾਂ ਲਈ ਸਥਾਨ ਦੀ ਚੋਣ ਇਸ ਦੀ ਇਤਿਹਾਸਕ ਮਹੱਤਤਾ ਕਾਰਨ ਕੀਤੀ ਗਈ ਸੀ, ਜੋ ਕਿ ਉਸ ਥਾਂ ਦੇ ਨੇੜੇ ਹੈ ਜਿੱਥੇ ਕਾਮਾਗਾਟੂ ਮਾਰੂ ਸਮੁੰਦਰੀ ਜਹਾਜ਼, ਜਿਸ ਨੂੰ ਗੁਰੂ ਨਾਨਕ ਜਹਾਜ਼ ਦੇ ਤੌਰ `ਤੇ ਵੀ ਜਾਣਿਆ ਜਾਂਦਾ ਹੈ, 1914 ਵਿਚ ਆਇਆ ਸੀ। ਇਸ ਸਮੁੰਦਰੀ ਜਹਾਜ਼ ਵਿਚ 340 ਸਿੱਖ, 27 ਮੁਸਲਮਾਨ ਅਤੇ 12 ਹਿੰਦੂ ਮੁਸਾਫ਼ਰ ਸਨ। ਉਨ੍ਹਾਂ ਵਿੱਚੋਂ ਬਹੁਤੇ ਪੰਜਾਬ, ਬ੍ਰਿਟਿਸ਼ ਇੰਡੀਆ ਤੋਂ ਸਨ, ਅਤੇ ਬਹੁਤਿਆਂ ਨੂੰ ਕੈਨੇਡਾ ਵਿਚ ਦਾਖਲ ਹੋਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ, ਜੋ ਕਿ ਸਿਸਟਮਬੱਧ ਵਿਤਕਰੇ ਦੀ ਇਕ ਮਹੱਤਵਪੂਰਨ ਇਤਿਹਾਸਕ ਘਟਨਾ ਸੀ।

ਮੇਅਰ ਕੇਨ ਸਿਮ ਨੇ ਕਿਹਾ, "ਅੱਜ ਦਾ ਫੈਸਲਾ ਸਾਡੇ ਸ਼ਹਿਰ ਦੀਆਂ ਇਤਿਹਾਸਕ ਗਲਤੀਆਂ ਨੂੰ ਪ੍ਰਵਾਨ ਕਰਨ ਅਤੇ ਸੁਧਾਰਨ ਵੱਲ ਇਕ ਅਰਥਪੂਰਨ ਕਦਮ ਹੈ। 'ਕੈਨੇਡਾ ਪਲੇਸ' ਲਈ ਇਕ ਦੂਜਾ ਨਾਂ 'ਕਾਮਾਗਾਟੂ ਮਾਰੂ ਪਲੇਸ' ਚੁਣ ਕੇ, ਅਸੀਂ 1914 ਦੀ ਘਟਨਾ ਤੋਂ ਪ੍ਰਭਾਵਿਤ ਲੋਕਾਂ ਦਾ ਸਨਮਾਨ ਕਰਨਾ ਚਾਹੁੰਦੇ ਹਾਂ ਅਤੇ ਬੀਤੇ ਸਮੇਂ ਤੋਂ ਸਿੱਖਣ ਅਤੇ ਸਾਰਿਆਂ ਨੂੰ ਸ਼ਾਮਲ ਕਰਨ ਵਾਲਾ ਭਵਿੱਖ ਉਸਾਰਨ ਦੀ ਆਪਣੀ ਵਚਨਬੱਧਤਾ ਨੂੰ ਦੁਹਰਾਉਣਾ ਚਾਹੁੰਦੇ ਹਾਂ।"

ਕਮਿਊਨਟੀ ਰੀਸਰਚਰ ਅਤੇ ਕਹਾਣੀਆਂ ਸੁਣਾਉਣ ਵਾਲੀ ਮੋਨੀਕਾ ਚੀਮਾ ਨੇ ਕਿਹਾ, "ਸਭਿਆਚਾਰਕ ਦਰੁਸਤੀ ਇਕ ਗੁੰਝਲਦਾਰ ਅਤੇ ਜਾਰੀ ਰਹਿਣ ਵਾਲਾ ਕਾਰਜ ਹੈ ਜਿਹੜਾ ਸ਼ਹਿਰ, ਸਾਊਥ ਏਸ਼ੀਅਨ ਭਾਈਚਾਰਿਆਂ ਨਾਲ ਰਲ ਕੇ ਕਰ ਰਿਹਾ ਹੈ – ਅਤੇ ਇਹ ਕੰਮ ਇਸ ਸਮਝ ਨਾਲ ਕਰਨਾ ਜਾਰੀ ਰੱਖਣ ਦੀ ਲੋੜ ਹੈ ਕਿ ਇਹ ਭਾਈਚਾਰੇ ਪੱਥਰ ਨਹੀਂ ਹਨ। ਸਟਰੀਟ ਦਾ ਦੂਜਾ ਨਾਂ ਰੱਖਣਾ ਅਤੇ ਇਸ ਰਿਪੋਰਟ ਵਿਚ ਸਾਂਝੀ ਕੀਤੇ ਗਏ ਅੰਸ਼ਕ ਇਤਿਹਾਸ ਦਾ ਇਤਿਹਾਸਕ ਵਰਣਨ, ਇਤਿਹਾਸਕ ਵਿਤਕਰੇ ਨੂੰ ਮੰਨਣ ਅਤੇ ਸਾਡੇ ਸ਼ਹਿਰ ਨੂੰ ਜਵਾਬਦੇਹ ਬਣਾਉਣ ਲਈ ਇਕ ਪਹਿਲਾ ਕਦਮ ਹੈ। ਮੈਂ ਦੱਖਣੀ ਏਸ਼ੀਅਨ ਭਾਈਚਾਰੇ ਦੇ ਉਨ੍ਹਾਂ ਮੈਂਬਰਾਂ ਦੀ ਤਹਿ ਦਿਲੋਂ ਧੰਨਵਾਦੀ ਹਾਂ ਜਿਹੜੇ ਇਸ ਔਖੇ ਕਾਰਜ ਵਿਚ ਸ਼ਾਮਲ ਰਹੇ ਹਨ। ਅਸੀਂ ਦੱਖਣੀ ਏਸ਼ੀਅਨ ਭਾਈਚਾਰਿਆਂ ਨਾਲ ਸ਼ਹਿਰ ਦੇ ਵੱਡੇ ਕੰਮ ਦੇ ਹਿੱਸੇ ਵਜੋਂ, ਇਤਿਹਾਸਕ ਵਿਤਕਰੇ ਅਤੇ ਅਣਕਹੇ ਇਤਿਹਾਸਾਂ ਬਾਰੇ ਗੱਲ ਕਰਨਾ ਜਾਰੀ ਰੱਖਣ ਦੀ ਉਮੀਦ ਰੱਖਦੇ ਹਾਂ।"

ਸਿਟੀ ਕੌਂਸਲ ਨੇ ਦੱਖਣੀ ਏਸ਼ੀਅਨ ਭਾਈਚਾਰਿਆਂ ਲਈ ਇਸ ਦੀ ਮਹੱਤਤਾ ਲਈ ਜਾਣੇ ਜਾਂਦੇ ਕਿਟਸੀਲਾਨੋ ਵਿਚਲੇ 2 ਐਵੇਨਿਊ ਗੁਰਦਵਾਰੇ ਦੀ ਸਭਿਆਚਾਰਕ ਅਤੇ ਇਤਿਹਾਸਕ ਮਹੱਤਤਾ ਨੂੰ ਮਾਨਤਾ ਦੇਣ ਲਈ ਵੀ ਵਚਨ ਦਿੱਤਾ ਹੈ। ਕਾਮਾਗਾਟਾ ਮਾਰੂ ਘਟਨਾ ਦੇ ਸੰਬੰਧ ਵਿਚ ਇਹ ਇਤਿਹਾਸਕ ਤੌਰ `ਤੇ ਇਕ ਮਹੱਤਵਪੂਰਨ ਸਥਾਨ ਹੈ ਕਿਉਂਕਿ ਇਹ ਉਹ

ਥਾਂ ਸੀ ਜਿੱਥੇ ਸਥਾਨਕ ਦੱਖਣੀ ਏਸ਼ੀਅਨ ਭਾਈਚਾਰਾ ਮੁਸਾਫ਼ਰਾਂ ਦੀ ਮਦਦ ਲਈ ਲਾਮਬੰਦ ਹੋਇਆ ਸੀ। ਭਵਿੱਖ ਦੀਆਂ ਪਹਿਲ-ਕਦਮੀਆਂ, ਵੈਨਕੂਵਰ ਵਿਚ ਦੱਖਣੀ ਏਸ਼ੀਅਨ ਕੈਨੇਡੀਅਨ ਭਾਈਚਾਰਿਆਂ ਲਈ ਇਤਿਹਾਸਕ ਅਤੇ ਸਭਿਆਚਾਰਕ ਮਹੱਤਤਾ ਵਾਲੇ ਹੋਰ ਖੇਤਰਾਂ ਦਾ ਵੀ ਪਤਾ ਲਾਉਣਗੀਆਂ।

ਇਨ੍ਹਾਂ ਸਿਫਾਰਸ਼ਾਂ ਨੂੰ ਪ੍ਰਵਾਨਗੀ ਦੇਣ ਤੋਂ ਬਾਅਦ, ਸ਼ਹਿਰ "ਕਾਮਾਗਾਟਾ ਮਾਰੂ ਪਲੇਸ" ਲਈ ਸਾਈਨ ਦਾ ਡਿਜ਼ਾਇਨ ਅਤੇ ਜਨਤਕ ਸਿੱਖਿਆ ਲਈ ਸਾਮੱਗਰੀ ਤਿਆਰ ਕਰਨ ਲਈ ਭਾਈਚਾਰੇ ਨਾਲ ਸਲਾਹ ਦਾ ਕਾਰਜ ਸ਼ੁਰੂ ਕਰੇਗਾ। ਹਾਰਬਰ ਪਾਰਕ ਵਿਖੇ ਸਮਾਰਕ ਚਿੰਨ੍ਹ ਨੂੰ ਵਧਾਉਣ ਲਈ ਵੀ ਯਤਨ ਕੀਤੇ ਜਾਣਗੇ, ਅਤੇ ਉਦਘਾਟਨ ਕਰਨ ਦੀ ਰਸਮ ਲੇਟ 2023 ਵਿਚ ਕੀਤੇ ਜਾਣ ਦੀ ਉਮੀਦ ਹੈ।

ਜਿਵੇਂ ਦੱਖਣੀ ਏਸ਼ੀਅਨ ਭਾਈਚਾਰਿਆਂ ਪ੍ਰਤੀ ਇਤਿਹਾਸਕ ਵਿਤਕਰੇ ਵੱਲ ਧਿਆਨ ਦੇਣ ਦਾ ਵੱਡਾ ਕੰਮ ਅੱਗੇ ਵਧਦਾ ਹੈ, ਸ਼ਹਿਰ ਲੋਕਲ ਦੱਖਣੀ ਏਸ਼ੀਅਨ ਭਾਈਚਾਰੇ ਦੇ ਮੈਂਬਰਾਂ, ਬਿਜ਼ਨਸਾਂ ਅਤੇ ਸੰਸਥਾਵਾਂ, xʷməθkʷəy̓əm (Musqueam), Sḵwx̱wú7mesh (Squamish), and səlilwətaɬ (Tsleil-Waututh) ਨਾਲ ਰਲ ਕੇ ਕੰਮ ਕਰੇਗਾ

"ਕਾਮਾਗਾਟਾ ਮਾਰੂ ਪਲੇਸ" ਦਾ ਦੂਜਾ ਸਟਰੀਟ ਨਾਂ ਰੱਖੇ ਜਾਣ ਬਾਰੇ ਪੂਰੀ ਰਿਪੋਰਟ ਲਈ ਕਿਰਪਾ ਕਰਕੇ ਇਸ ਲਿੰਕ ਨੂੰ ਫੌਲੋ ਕਰੋ।

### ਪਿਛੋਕੜ

23 ਮਈ, 1914 ਨੂੰ ਗੁਰੂ ਨਾਨਕ ਜਹਾਜ਼ (ਕਾਮਾਗਾਟਾ ਮਾਰੂ) ਵੈਨਕੂਵਰ ਦੇ ਬੁਰਾਰਡ ਇਨਲੈੱਟ ਵਿਚ ਦਾਖਲ ਹੋਇਆ ਜਿਸ ਵਿਚ ਬਿਹਤਰ ਭਵਿੱਖ ਦੀ ਭਾਲ ਵਿਚ ਪੰਜਾਬ, ਬ੍ਰਿਟਿਸ਼ ਇੰਡੀਆ ਤੋਂ 376 ਮੁਸਾਫ਼ਰ ਸਵਾਰ ਸਨ। ਜਾਇਜ਼ ਟਰੈਵਲ ਪੇਪਰ ਕੋਲ ਹੋਣ ਅਤੇ 200 ਡਾਲਰ ਦੇ ਵਿਤਕਰੇ ਵਾਲੇ ਵੱਡੇ ਹੈੱਡ ਟੈਕਸ ਦੀ ਪਾਲਣਾ ਕਰਨ ਦੇ ਬਾਵਜੂਦ, ਮੁਸਾਫ਼ਰਾਂ ਨੂੰ, ਜੋ ਕਿ ਸਿੱਖ, ਮੁਸਲਮਾਨ ਅਤੇ ਹਿੰਦੂ ਧਰਮ ਨਾਲ ਸੰਬੰਧਿਤ ਸਨ, ਕੈਨੇਡਾ ਵਿਚ ਦਾਖਲ ਹੋਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ।

ਮੁਸਾਫ਼ਰ ਦੋ ਔਖੇ ਮਹੀਨਿਆਂ ਲਈ ਮਾੜੀਆਂ, ਗੰਦੀਆਂ ਹਾਲਤਾਂ ਵਿਚ ਜਹਾਜ਼ `ਤੇ ਫਸੇ ਰਹੇ। ਉਹ ਅਕਸਰ ਕਈ ਕਈ ਦਿਨ ਭੁੱਖੇ ਅਤੇ ਪਿਆਸੇ ਰਹੇ। ਮਦਦ ਮੰਗਣ ਦੇ ਬਾਵਜੂਦ, ਜਿਸ ਵਿਚ ਵੈਨਕੂਵਰ ਦੇ ਮੇਅਰ ਨੂੰ ਚਿੱਠੀਆਂ ਲਿਖਣਾ ਵੀ ਸ਼ਾਮਲ ਸੀ, ਸਥਾਨਕ ਅਧਿਕਾਰੀਆਂ ਨੇ ਉਨ੍ਹਾਂ ਦੀਆਂ ਬੇਨਤੀਆਂ ਨੂੰ ਨਜ਼ਰਅੰਦਾਜ਼ ਕਰ ਦਿੱਤਾ। ਦੱਖਣੀ ਏਸ਼ੀਅਨ ਭਾਈਚਾਰਿਆਂ ਨੇ ਮੁਸਾਫ਼ਰਾਂ ਦੀਆਂ ਮਹਿੰਗੀਆਂ ਕਾਨੂੰਨੀ ਫੀਸਾਂ ਦਾ ਖਰਚਾ ਦੇਣ ਲਈ ਪੈਸੇ ਇਕੱਠੇ ਕੀਤੇ ਜਿਹੜੇ ਦੇਸ਼ ਨਿਕਾਲੇ ਦੇ ਆਪਣੇ ਆਰਡਰਾਂ ਨਾਲ ਲੜ ਰਹੇ ਸਨ ਅਤੇ ਇਸ ਦੇ ਨਾਲ ਨਾਲ ਖਾਣੇ, ਪਾਣੀ ਅਤੇ ਦਵਾਈਆਂ, ਸਪਲਾਈਆਂ ਲਈ ਵੀ ਜਿਹੜੀਆਂ ਉਨ੍ਹਾਂ ਨੇ ਮੁਸਾਫ਼ਰਾਂ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕੀਤੀ। ਲੋਕਲ ਆਦਿਵਾਸੀ ਲੋਕਾਂ ਵਲੋਂ ਮੁਸਾਫਰਾਂ ਤੱਕ ਸਪਲਾਈਆਂ ਪਹੁੰਚਾਉਣ ਦੀ ਕੋਸ਼ਿਸ਼ ਕਰਨ ਦੇ ਵਰਣਨ ਵੀ ਹਨ, ਪਰ ਉਹ ਨਾਕਾਮਯਾਬ ਰਹੇ ਕਿਉਂਕਿ ਸਰਕਾਰ ਨੇ ਸਮੁੰਦਰੀ ਜਹਾਜ਼ ਤੱਕ ਪਹੁੰਚ `ਤੇ ਬੰਦਸ਼ਾਂ ਲਗਾ ਦਿੱਤੀਆਂ ਸਨ।

ਦੇਸ਼ ਨਿਕਾਲੇ ਦੇ ਹੁਕਮ ਨੂੰ ਕਾਨੂੰਨੀ ਚੁਣੌਤੀ ਦਿੱਤੀ ਗਈ, ਜਿਸ ਦੀ ਅਗਵਾਈ ਮੁਸਾਫ਼ਰ ਗੁਰਦਿੱਤ ਸਿੰਘ ਅਤੇ ਵਕੀਲ ਜੋਸਫ ਐਡਵਰਡ ਬਰਡ ਨੇ ਕੀਤੀ ਅਤੇ ਸਥਾਨਕ ਦੱਖਣੀ ਏਸ਼ੀਅਨ ਭਾਈਚਾਰੇ ਨੇ ਇਸ ਦਾ ਸਮਰਥਨ ਕੀਤਾ ਜੋ ਕਿ ਅਸਫਲ ਰਹੀ। ਸਮੁੰਦਰੀ ਜਹਾਜ਼ ਨੂੰ ਕੈਨੇਡੀਅਨ ਪਾਣੀਆਂ ਵਿੱਚੋਂ ਕੈਨੇਡਾ ਦੀ ਮਿਲਟਰੀ ਨੇ ਬਾਹਰ ਕੱਢ ਦਿੱਤਾ ਅਤੇ ਇਹ ਇੰਡੀਆ ਵਾਪਸ ਪਰਤ ਗਿਆ, ਜਿੱਥੇ ਜਹਾਜ਼ `ਤੇ ਸਵਾਰ ਲੋਕਾਂ `ਤੇ ਰਾਜਨੀਤਕ ਵਿਘਨ ਪਾਉਣ ਵਾਲਿਆਂ ਦਾ ਠੱਪਾ ਲਾ ਦਿੱਤਾ ਗਿਆ। ਜਿਸ ਨਾਲ ਇਕ ਦੁਖਦਾਈ ਘਟਨਾ ਵਾਪਰੀ ਜਿੱਥੇ ਬ੍ਰਿਟਿਸ਼ ਇੰਡੀਆ ਦੀ ਸੈਨਾ ਨੇ 19 ਮੁਸਾਫ਼ਰਾਂ ਨੂੰ ਮਾਰ ਦਿੱਤਾ, ਬਹੁਤ ਸਾਰੇ ਜ਼ਖ਼ਮੀ ਹੋਏ ਅਤੇ ਬਹੁਤ ਸਾਰੇ ਹੋਰ ਜੇਲ੍ਹ ਵਿਚ ਸੁੱਟ ਦਿੱਤੇ ਗਏ।

ਸਾਲ 2021 ਵਿਚ, ਵੈਨਕੂਵਰ ਸਿਟੀ ਕੌਂਸਲ ਨੇ ਪਿਛਲੀਆਂ ਗਲਤੀਆਂ ਨੂੰ ਮੰਨਣ ਅਤੇ ਦੱਖਣੀ ਏਸ਼ੀਅਨ ਭਾਈਚਾਰੇ ਵਲੋਂ ਝੱਲੇ ਗਏ ਨਸਲਵਾਦ ਦੀ ਦਰੁਸਤੀ ਲਈ ਆਪਣੀ ਲਗਾਤਾਰ ਵਚਨਬੱਧਤਾ ਦੇ ਹਿੱਸੇ ਵਜੋਂ ਇਸ ਇਤਿਹਾਸਕ ਘਟਨਾ ਵਿਚ ਨਿਭਾਏ ਗਏ ਆਪਣੇ ਰੋਲ ਲਈ ਸਰਕਾਰੀ ਤੌਰ `ਤੇ ਮੁਆਫੀ ਮੰਗੀ।

ਕਾਮਾਗਾਟਾ ਮਾਰੂ ਘਟਨਾ ਨਾਲ ਸੰਬੰਧਿਤ ਹੋਰ ਜਾਣਕਾਰੀ ਲਈ ਕਿਰਪਾ ਕਰਕੇ ਇਸ ਵੈੱਬਸਾਈਟ `ਤੇ ਜਾਉ।